**ਪੰਜਾਬ ਸਕੂਲ ਸਿੱਖਿਆ ਬੋਰਡ**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**

ਨੰ: **ਪਸਸਬ-ਕਸ-2023/** 1138
ਮਿਤੀ: 12-04-2023

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼,
ਪਰੀਖਿਆਵਾਂ ਸ਼ੈਸ਼ਨ 2022-23

**ਵਿਸ਼ਾ: ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ (ਫਰਵਰੀ / ਮਾਰਚ) 2023 ਦੇ ਪ੍ਰਸ਼ਨ ਪੱਤਰ ਬੈਂਕ ਤੋਂ ਪ੍ਰਾਪਤ ਕਰਨ ਦੀ ਸੂਚਨਾ ਨਿਰਧਾਰਿਤ ਪ੍ਰੋਫਾਰਮੇ ਤੇ ਦਰਜ ਕਰਨ ਸਬੰਧੀ।**

1) ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ (ਫਰਵਰੀ / ਮਾਰਚ) 2023 ਪਰੀਖਿਆਵਾਂ ਮਿਤੀ 20-02-2023 ਤੋਂ ਕੰਡਕਟ ਕਰਵਾਈਆਂ ਜਾ ਰਹੀਆਂ ਹਨ।

2) ਇਹਨਾਂ ਪਰੀਖਿਆਵਾਂ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਬੋਰਡ ਦਫਤਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਪਰੀਖਿਆ ਵਾਲੇ ਦਿਨ ਸਬੰਧਤ ਵਿਸ਼ੇ ਦੇ ਪ੍ਰਸ਼ਨ ਪੱਤਰ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਵੱਲੋਂ ਬੈਂਕਾਂ ਦੀ ਸੇਫ ਕਸਟੱਡੀ ਵਿੱਚੋਂ ਪ੍ਰਾਪਤ ਕਰਨ ਉਪਰੰਤ ਪਰੀਖਿਆ ਸ਼ੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ ਕੇਂਦਰ ਸੁਪਰਡੈਂਟ ਨੂੰ ਸੌਂਪੇ ਜਾਂਦੇ ਹਨ।

3) ਪਰੀਖਿਆਵਾਂ ਸ਼ੁਰੂ ਹੋਣ ਦੀ ਮਿਤੀ ਤੋਂ ਹੁਣ ਤੱਕ ਪ੍ਰਸ਼ਨ ਪੱਤਰ (ਸ਼੍ਰੇਣੀ ਵਾਈਜ਼) ਬੈਂਕ ਤੋਂ ਪ੍ਰਾਪਤ ਕਰਨ ਸਬੰਧੀ ਵੇਰਵੇ, ਬੋਰਡ ਦਫਤਰ ਵੱਲੋਂ ਜਾਰੀ ਕੀਤੇ ਪ੍ਰੋਫਾਰਮੇ ਵਿੱਚ ਦਰਜ ਕਰਕੇ ਮਿਤੀ 15/04/2023 ਨੂੰ ਸ਼ਾਮ 03:00 ਵਜੇ ਤੱਕ ਈ-ਮੇਲ ਆਈ.ਡੀ conductconsolidation@gmail.com 'ਤੇ ਭੇਜਣਾ ਯਕੀਨੀ ਬਣਾਇਆ ਜਾਵੇ।

4) ਇਸਨੂੰ ਪਰਮ ਅਗੇਤ ਦਿੱਤੀ ਜਾਵੇ। ਨਿਰਧਾਰਿਤ ਸਮੇਂ ਤੱਕ ਪ੍ਰੋਫਾਰਮਾ ਮੁਕੰਮਲ ਕਰਕੇ ਮੁੱਖ ਦਫਤਰ ਵਿਖੇ ਨਾ ਭੇਜਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਕਾਰਵਾਈ ਕਰਨ ਲਈ ਸਬੰਧਤ ਵਿਭਾਗ ਨੂੰ ਲਿਖਤੀ ਤੌਰ ਤੇ ਕੇਸ ਭੇਜ ਦਿੱਤਾ ਜਾਵੇਗਾ।

ਸਹਾਇਕ ਸਕੱਤਰ (ਕ.ਸ)
12/04/2023
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਨੱਥੀ: ਪ੍ਰੋਫਾਰਮਾ ਦੀ ਕਾਪੀ।

# ਪੰਜਾਬ ਸਕੂਲ ਸਿੱਖਿਆ ਬੋਰਡ

ਦਸਵੀਂ ਅਤੇ ਬਾਰਵੀਂ ਸ਼੍ਰੇਣੀ ਪਰੀਖਿਆ ਫਰਵਰੀ/ ਮਾਰਚ-2023 ਦੇ ਪ੍ਰਸ਼ਨ ਪੱਤਰ ਬੈਂਕ ਤੋਂ ਪ੍ਰਾਪਤ ਕਰਨ ਸਬੰਧੀ।

ਜਿਲ੍ਹਾ:- ..........................................

ਪਰੀਖਿਆ ਕੇਂਦਰ ਦਾ ਨਾਂ ਅਤੇ ਕੇਂਦਰ ਕੋਡ ..........................................

| ਪਰੀਖਿਆ ਦੀ ਮਿਤੀ | ਵਿਸ਼ਾ | ਸ਼੍ਰੇਣੀ | ਕੇਂਦਰ ਕੰਟਰੋਲਰ ਦਾ ਨਾਂ | ਬੈਂਕ ਤੋਂ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਵਾਲੇ ਦਾ ਨਾਮ ਅਹੁਦਾ ਅਤੇ ਮੋ. ਨੰ | ਬੈਂਕ ਤੋਂ ਪ੍ਰਸ਼ਨ ਪੱਤਰ ਕੇਂਦਰ ਕੰਟਰੋਲਰ ਵੱਲੋਂ ਪ੍ਰਾਪਤ ਨਾ ਕਰਨ ਦਾ ਕਾਰਨ | ਵਿਸ਼ੇਸ਼ ਕਥਨ |
|---|---|---|---|---|---|---|
| | | | | | | |
| | | | | | | |
| | | | | | | |
| | | | | | | |
| | | | | | | |
| | | | | | | |
| | | | | | | |
| | | | | | | |
| | | | | | | |
| | | | | | | |
| | | | | | | |

ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਦੇ ਪੂਰੇ ਹਸਤਾਖਰ ਮੋਬਾਈਲ ਨੰ..........................................